# ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ: 2,
# ਲੋ.ਨਿ.ਵਿ. ਭ ਤੇ ਮ ਸ਼ਾਖਾ ਲੁਧਿਆਣਾ

ਸੇਵਾ ਵਿਖੇ,

Principal,
Guru Nanak Public School,
Model Town Extn.
Ludhiana

ਨੰਬਰ 120 ਮਿਤੀ 17/06/2026

ਵਿਸ਼ਾ:- ਸਕੂਲ ਦੀ ਇਮਾਰਤ ਸੁਰਖਿਅਤ ਹੋਣ ਸਬੰਧੀ ਸਰਟੀਫਿਕੇਟ ਬਾਬਤ ਸਾਲ 2026-27

ਹਵਾਲਾ:- ਆਪ ਦਾ ਪੱਤਰ ਮਿਤੀ 04.06.2026

ਉਪਰੋਕਤ ਬਿਲਡਿੰਗ ਦਾ ਨਿਰੀਖਣ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਕੀਤਾ ਗਿਆ ਅਤੇ ਇਹ ਬਿਲਡਿੰਗ ਸਾਲ 2026-27 ਲਈ ਨਾਲ ਨੱਥੀ ਡਰਾਇੰਗ ਅਨੁਸਾਰ ਸੁਰੱਖਿਅਤ ਪਾਈ ਗਈ ਹੈ। ਸਕੂਲ ਦੀ ਬਿਲਡਿੰਗ ਦਾ ਸੁਰਖਿਅਤ ਹੋਣ ਸਬੰਧੀ ਸਰਟੀਫਿਕੇਟ ਸਮੇਤ ਡਰਾਇੰਗ ਆਪ ਨੂੰ ਮਿਤੀ 31.03.2027 ਤੱਕ ਦਾ ਜਾਰੀ ਕੀਤਾ ਗਿਆ ਹੈ। ਅੱਗੇ ਤੋਂ ਹੇਠ ਲਿਖੀਆਂ ਹਦਾਇਤਾਂ ਵੱਲ ਵਿਸ਼ੇਸ ਧਿਆਨ ਦਿੱਤਾ ਜਾਵੇ :-

1) ਜੇਕਰ ਇਮਾਰਤ ਵਿਚ ਕੋਈ ਤਬਦੀਲੀ/ਵਧਾਇਆ ਜਾਂ ਘਟਾਇਆ ਜਾਂਦਾ ਹੈ ਤਾਂ ਕੰਮ ਕਿਸੇ ਤਕਨੀਕੀ ਇੰਜੀਨੀਅਰ ਦੀ ਦੇਖ ਰੇਖ ਵਿਚ ਹੀ ਕਰਵਾਇਆ ਜਾਵੇ, ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸ ਦਾ ਸੇਫਟੀ ਸਰਟੀਫਿਕੇਟ ਨਿਮਨ ਹਸਤਾਖਰ ਪਾਸੋਂ ਫਿਰ ਤੋਂ ਲਿਆ ਜਾਵੇ।
2) ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਕਰਕੇ ਬੈਠ ਜਾਣ ਅਤੇ ਇਸ ਸੂਰਤ ਵਿਚ ਨਿਮਨ ਹਸਤਾਖਰ ਨੂੰ ਫੌਰੀ ਤੌਰ ਤੇ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿਚ ਲਿਆ ਜਾਵੇ ਜੀ।
3) ਸਕੂਲ ਦੀ ਬਿਲਡਿੰਗ ਦੀ ਰਿਪੇਅਰ ਹਰ ਸਾਲ ਕਰਵਾਈ ਜਾਵੇ। ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾ/ਸਕੂਲ ਦੀ ਹੋਵੇਗੀ।
4) ਉਕਤ ਸਕੂਲ ਵਿਚ ਲੱਗੇ ਅੱਗ ਬੁਝਾਊ ਯੰਤਰ ਸਬੰਧੀ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਸਬੰਧਤ ਦਫਤਰ ਤੋਂ ਲੈਣ ਦੀ ਜਿਮੇਵਾਰੀ ਆਪ ਦੇ ਸਕੂਲ/ਸੰਸਥਾ ਦੀ ਹੋਵੇਗੀ।
5) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।
6) ਨਿਮਨ-ਹਸਤਾਖਰ ਉਕਤ ਸਕੂਲ ਦੀ ਬਿਲਡਿੰਗ ਦਾ ਸਾਲ 2026-27 ਦੌਰਾਨ ਕਦੇ ਵੀ ਨਿਰੀਖਣ ਕਰ ਸਕਦੇ ਹਨ। ਨਿਰੀਖਣ ਦੌਰਾਨ ਕਿਸੇ ਕਿਸਮ ਦੀ ਕੋਈ ਅਣਗਹਿਲੀ ਪਾਈ ਗਈ ਤਾਂ ਬਿਨ੍ਹਾ ਕੋਈ ਨੋਟਿਸ ਦਿੱਤੇ ਜਾਰੀ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਕੀਤਾ ਜਾ ਸਕਦਾ ਹੈ।
7) ਡਾਇਰੈਕਟਰ ਜਰਨਲ ਸਕੂਲ ਸਿੱਖਿਆ ਵਿਭਾਗ ਪੰਜਾਬ ਸਟੇਟ ਪ੍ਰੋਜੈਕਟ ਸਰਵ ਸਿੱਖਿਆ ਅਭਿਆਨ ਦੇ ਪੱਤਰ ਨੰ: 75444 ਮਿਤੀ 06-11-2009 ਮੁਤਾਬਿਕ ਸਕੂਲ ਵਿਚ ਅੱਗ ਬੁਝਾਉਣ ਵਾਲੇ ਯੰਤਰ ਚਾਲੂ ਹਾਲਤ ਵਿਚ ਰੱਖੇ ਜਾਣ ਕਿਸੇ ਵੀ ਅਣਸੁਖਾਂਵੀ ਦੁਰਘਟਨਾ ਦੀ ਸਾਰੀ ਜਿੰਮੇਵਾਰੀ ਸਬੰਧਤ ਸਕੂਲ ਦੀ ਹੋਵੇਗੀ
8) ਅਗਲੇ ਸਾਲ 2027-28 ਦੀ ਇੰਸਪੈਕਸ਼ਨ ਕਰਾਉਣੀ ਯਕੀਨੀ ਬਣਾਈ ਜਾਵੇ।

ਨੱਥੀ/ ਸਰਟੀਫਿਕੇਟ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ: 2 ਲੋ.ਨਿ.ਵਿ.
ਭ ਤੇ ਮ ਸ਼ਾਖਾ ਲੁਧਿਆਣਾ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ: 1, ਲੋ.ਨਿ.ਵਿ. ਭ ਤੇ ਮ ਸ਼ਾਖਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਇਸਪੈਕਸ਼ਨ ਫੀਸ ਆਨ-ਲਾਈਨ ਰਸੀਟ ਨੰ: **CPAGVMVUQ2** ਮਿਤੀ 15.06.2026 ਰਾਹੀਂ ਰਕਮ 15,000/- ਰੁਪਏ ਜਮ੍ਹਾਂ ਕਰਵਾ ਕੇ ਆਪ ਨੂੰ ਰਸੀਦ ਦੀ ਕਾਪੀ ਸਮੇਤ ਰੋਡ ਅਸੈਸ ਦਾ ਸਰਟੀਫਿਕੇਟ / ਹਲਫੀਆ ਬਿਆਨ ਨਾਲ ਨੱਥੀ ਕਰਕੇ ਸੂਚਨਾਂ ਹਿੱਤ ਭੇਜੀ ਜਾਂਦੀ ਹੈ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ: 2 ਲੋ.ਨਿ.ਵਿ.
ਭ ਤੇ ਮ ਸ਼ਾਖਾ ਲੁਧਿਆਣਾ।